**ਭਾਰਤ-ਸਿੰਗਾਪੁਰ ਵਿਚਕਾਰ ਕੂਟਨੀਤਕ ਸਬੰਧਾਂ ਦੇ 60 ਸਾਲ**

**16 ਜਨਵਰੀ, 20**

ਸਾਲ 2025 ਵਿੱਚ ਭਾਰਤ ਅਤੇ ਸਿੰਗਾਪੁਰ ਵਿਚਕਾਰ ਸਥਾਪਿਤ ਕੂਟਨੀਤਕ ਸਬੰਧਾਂ ਦੀ 60ਵੀਂ ਵਰ੍ਹੇਗੰਢ ਹੋਵੇਗੀ। ਇਸ ਵਿਸ਼ੇਸ਼ ਮੌਕੇ ਨੂੰ ਯਾਦਗਾਰ ਬਣਾਉਣ ਲਈ, ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਅਤੇ ਸਿੰਗਾਪੁਰ ਗਣਰਾਜ ਦੇ ਰਾਸ਼ਟਰਪਤੀ, ਮਹਾਮਹਿਮ ਸ਼੍ਰੀ ਥਰਮਨ ਸ਼ਨਮੁਗਰਤਨਮ ਨੇ 16 ਜਨਵਰੀ, 2025 ਨੂੰ ਨਵੀਂ ਦਿੱਲੀ ਵਿੱਚ ਇੱਕ ਸਾਂਝੇ ਲੋਗੋ ਦਾ ਉਦਘਾਟਨ ਕੀਤਾ।

2. ਸਾਂਝੇ ਲੋਗੋ ਵਿੱਚ ਇਹ ਤੱਤ ਸ਼ਾਮਲ ਹਨ: ਭਾਰਤੀ ਅਤੇ ਸਿੰਗਾਪੁਰ ਦੇ ਰਾਸ਼ਟਰੀ ਝੰਡੇ, ਕਮਲ (ਭਾਰਤ ਦਾ ਰਾਸ਼ਟਰੀ ਫੁੱਲ) ਅਤੇ ਆਰਕਿਡ (ਸਿੰਗਾਪੁਰ ਦਾ ਰਾਸ਼ਟਰੀ ਫੁੱਲ) ਦੇ ਰੰਗ, ਅਤੇ 60 ਨੰਬਰ ਜੋ 60ਵੀਂ ਵਰ੍ਹੇਗੰਢ ਦੇ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦਾ ਹੈ। ਸਮੁੱਚੇ ਤੌਰ ‘ਤੇ, ਲੋਗੋ ਉੱਤੇ "ਭਾਰਤ-ਸਿੰਗਾਪੁਰ ਕੂਟਨੀਤਕ ਸਬੰਧਾਂ ਦੇ 60 ਸਾਲ" ਲਿਖਿਆ ਹੈ। ਇਨ੍ਹਾਂ ਤੱਤਾਂ ਦੀ ਸਥਿਤੀ ਦੋਵਾਂ ਦੇਸ਼ਾਂ ਵਿਚਕਾਰ ਸਥਾਈ ਮਿੱਤਰਤਾ, ਆਪਸੀ ਵਿਸ਼ਵਾਸ ਅਤੇ ਸਾਂਝੀਆਂ ਮਾਨਤਾਵਾਂ ਦਾ ਪ੍ਰਤੀਕ ਹੈ।

3. ਪਿਛਲੇ ਸਾਲਾਂ ਦੌਰਾਨ ਭਾਰਤ-ਸਿੰਗਾਪੁਰ ਵਿਚਕਾਰ ਸਹਿਯੋਗ ਡੂੰਘਾ ਹੋਇਆ ਅਤੇ ਇਸ ਵਿੱਚ ਵਿਭਿੰਨਤਾ ਆਈ ਹੈ। ਸਾਡੇ ਦੁਵੱਲੇ ਸਬੰਧ ਦੀ ਵਿਸ਼ੇਸ਼ਤਾ ਮਜ਼ਬੂਤ ਹੁੰਦੇ ਰਾਜਨੀਤਿਕ, ਰੱਖਿਆ, ਆਰਥਿਕ, ਸੱਭਿਆਚਾਰਕ, ਵਿੱਦਿਅਕ ਸਬੰਧ ਅਤੇ ਲੋਕਾਂ ਵਿਚਕਾਰ ਦੇ ਆਪਸੀ ਸੰਪਰਕ ਹਨ। ਅਸੀਂ ਇੱਕ ਨਿੱਘੇ ਅਤੇ ਮਿੱਤਰਤਾਪੂਰਨ ਸਬੰਧ ਸਾਂਝੇ ਕਰਦੇ ਹਾਂ, ਜਿਸ ਨੇ ਉੱਨਤ ਨਿਰਮਾਣ, ਕਨੈਕਟੀਵਿਟੀ, ਡਿਜੀਟਲਾਈਜ਼ੇਸ਼ਨ, ਸਿਹਤ ਸੰਭਾਲ ਅਤੇ ਦਵਾਈਆਂ, ਟਿਕਾਊਪੁਣਾ ਅਤੇ ਸਿੱਖਿਆ ਅਤੇ ਕੌਸ਼ਲ ਵਿਕਾਸ ਦੇ ਖੇਤਰਾਂ ਵਿੱਚ ਸਾਡੇ ਵੱਧ ਰਹੇ ਸਹਿਯੋਗ ਲਈ ਇੱਕ ਮਜ਼ਬੂਤ ਆਧਾਰ ਪ੍ਰਦਾਨ ਕੀਤਾ ਹੈ।

4. ਸਿੰਗਾਪੁਰ ਭਾਰਤ ਦੀ ਐਕਟ ਈਸਟ ਨੀਤੀ ਅਤੇ ਇੰਡੋ-ਪੈਸੀਫਿਕ ਦੇ ਸਾਡੇ ਦ੍ਰਿਸ਼ਟੀਕੋਣ ਦਾ ਇੱਕ ਮੁੱਖ ਥੰਮ੍ਹ ਹੈ। ਸਾਡੇ ਕੂਟਨੀਤਕ ਸਬੰਧਾਂ ਦੀ 60ਵੀਂ ਵਰ੍ਹੇਗੰਢ ਲਈ, ਕਈ ਯਾਦਗਾਰੀ ਸਮਾਗਮ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ, ਜੋ ਭਾਰਤ ਅਤੇ ਸਿੰਗਾਪੁਰ ਵਲੋਂ ਆਪਣੀ ਦੁਵੱਲੀ ਭਾਈਵਾਲੀ ਨੂੰ ਦਿੱਤੀ ਜਾਂਦੀ ਮਹੱਤਤਾ ਨੂੰ ਦਰਸਾਉਂਦੇ ਹਨ।

ਨਵੀਂ ਦਿੱਲੀ

16 ਜਨਵਰੀ, 2025